

ਪਾਠ-12

# ਸਾਡਾ ਆਂਢ-ਗੁਆਂਢ

ਲਵਲੀ ਦੇ ਘਰ ਦੇ ਨੇੜੇ ਇੱਕ ਪਾਰਕ ਹੈ। ਉਸ ਨੇ ਆਪਣੇ ਮਿੱਤਰ ਹਰਮਨ ਨੂੰ ਉੱਥੇ ਖੇਡਣ ਲਈ ਬੁਲਾਇਆ ਪਰੰਤੂ ਹਰਮਨ ਉਸਦਾ ਘਰ ਨਹੀਂ ਜਾਣਦਾ ਸੀ। ਹਰਮਨ ਨੇ ਆਪਣੇ ਪਿਤਾ ਜੀ ਦੀ ਲਵਲੀ ਨਾਲ਼ ਫ਼ੋਨ 'ਤੇ ਗੱਲ ਕਰਵਾਈ। ਹਰਮਨ ਦੇ ਪਿਤਾ ਜੀ ਨੇ ਪੁੱਛਿਆ, "ਲਵਲੀ ਤੁਹਾਡੇ ਘਰ ਦੇ ਗੁਆਂਢ ਵਿੱਚ ਕੀ-ਕੀ ਹੈ ?" ਲਵਲੀ ਨੇ ਹੈਰਾਨ ਹੋ ਕੇ ਪੁੱਛਿਆ, "ਅੰਕਲ ਜੀ, ਇਹ ਗੁਆਂਢ ਕੀ ਹੁੰਦਾ ਹੈ ?"

ਹਰਮਨ ਦੇ ਪਿਤਾ ਜੀ ਨੇ ਸਮਝਾਇਆ, "ਬੇਟਾ, ਅਸੀਂ ਆਪਣੇ ਪਰਿਵਾਰ ਸਮੇਤ ਘਰ ਵਿੱਚ ਰਹਿੰਦੇ ਹਾਂ। ਬਹੁਤ ਸਾਰੇ ਪਰਿਵਾਰ ਸਾਡੇ ਘਰ ਦੇ ਆਲੇ-ਦੁਆਲੇ ਰਹਿੰਦੇ ਹਨ। ਇਹ ਪਰਿਵਾਰ ਸਾਡੇ ਗੁਆਂਢੀ ਹਨ। ਸਾਡੇ ਘਰ ਦੇ ਨੇੜੇ ਹੋਰ ਇਮਾਰਤਾਂ ਜਿਵੇਂ- ਹਸਪਤਾਲ, ਸਕੂਲ, ਡਾਕਖ਼ਾਨਾ, ਬਜ਼ਾਰ ਅਤੇ ਬੱਸ ਸਟੈਂਡ ਆਦਿ ਸਾਡਾ ਆਂਢ-ਗੁਆਂਢ ਹਨ।"

ਲਵਲੀ ਨੇ ਕਿਹਾ, "ਅੰਕਲ ਜੀ, ਮੈਂ ਸਮਝ ਗਿਆ। ਸਾਡੇ ਘਰ ਦੇ ਨੇੜੇ ਪਾਰਕ, ਹਸਪਤਾਲ, ਬਜ਼ਾਰ ਤੇ ਡਾਕਖ਼ਾਨਾ ਹੈ।"

**ਪ੍ਰਸ਼ਨ 1. ਗੁਆਂਢ ਕੀ ਹੁੰਦਾ ਹੈ ?**

..........................................................................................

..........................................................................................

> **ਕਿਰਿਆ-1 :** ਵਿਦਿਆਰਥੀਆਂ ਨੂੰ ਆਪਣੇ ਗੁਆਂਢ ਵਿੱਚ ਮੌਜੂਦ ਸਥਾਨਾਂ ਦੀ ਸੂਚੀ ਬਣਾ ਕੇ ਲਿਆਉਣ ਲਈ ਕਿਹਾ ਜਾਵੇ।

ਹਰਮਨ ਨੂੰ ਪਾਰਕ ਵਿੱਚ ਪਹੁੰਚਣ ਲਈ 15 ਮਿੰਟ ਲੱਗੇ। ਹਰਮਨ ਨੂੰ ਦੇਖ ਕੇ ਲਵਲੀ ਬਹੁਤ ਖ਼ੁਸ਼ ਹੋਇਆ। ਜਦੋਂ ਦੋਵੇਂ ਕਾਫ਼ੀ ਸਮਾਂ ਖੇਡ ਕੇ ਥੱਕ ਗਏ ਤਾਂ ਉਹ ਲਵਲੀ ਦੇ ਘਰ ਆ ਗਏ। ਉੱਥੇ ਲਵਲੀ ਦੇ ਮੰਮੀ ਉਸ ਦੇ ਭਰਾ ਬੰਟੀ ਨੂੰ ਪੜ੍ਹਾ ਰਹੇ ਸੀ। ਲਵਲੀ ਅਤੇ ਹਰਮਨ ਵੀ ਸੁਣਨ ਲੱਗ ਪਏ। "ਬੰਟੀ! ਜੇਕਰ ਅਸੀਂ ਇੱਕ ਥਾਂ ਤੋਂ ਦੂਸਰੀ ਥਾਂ 'ਤੇ ਜਾਣਾ ਹੋਵੇ ਤਾਂ ਨਕਸ਼ੇ ਵਿੱਚ ਦਿੱਤੀਆਂ



ਦਿਸ਼ਾਵਾਂ ਦੀ ਸਹਾਇਤਾ ਨਾਲ਼ ਰਸਤਾ ਲੱਭ ਸਕਦੇ ਹਾਂ।" ਮੰਮੀ ਨੇ ਸਮਝਾਇਆ।

ਹਰਮਨ ਨੇ ਪੁੱਛਿਆ, " ਦਿਸ਼ਾਵਾਂ ਦਾ ਪਤਾ ਕਿਵੇਂ ਚਲਦਾ ਹੈ?"

ਲਵਲੀ ਦੇ ਮੰਮੀ ਬੋਲੇ, "ਬੱਚਿਓ! ਚਾਰ ਦਿਸ਼ਾਵਾਂ ਹੁੰਦੀਆਂ ਹਨ-ਉੱਤਰ, ਦੱਖਣ, ਪੂਰਬ ਅਤੇ ਪੱਛਮ। ਸੂਰਜ ਸਾਨੂੰ ਦਿਸ਼ਾਵਾਂ ਦਾ ਸਹੀ ਨਿਰਦੇਸ਼ ਦਿੰਦਾ ਹੈ।" "ਉਹ ਕਿਵੇਂ ਮੰਮੀ ਜੀ" ਬੰਟੀ ਨੇ ਪੁੱਛਿਆ। "ਬੱਚਿਓ! ਚੜ੍ਹਦੇ ਸੂਰਜ ਦੇ ਸਾਹਮਣੇ ਮੂੰਹ ਕਰਕੇ ਖੜ੍ਹੇ ਹੋ ਜਾਓ। ਤੁਹਾਡੇ ਸਾਹਮਣੇ ਪੂਰਬ ਦਿਸ਼ਾ, ਪਿੱਛੇ ਪੱਛਮ ਦਿਸ਼ਾ, ਖੱਬੇ ਪਾਸੇ ਉੱਤਰ ਦਿਸ਼ਾ ਤੇ ਸੱਜੇ ਪਾਸੇ ਦੱਖਣ ਦਿਸ਼ਾ ਹੋਵੇਗੀ। ਮੰਮੀ ਨੇ ਉੱਤਰ ਦਿੱਤਾ। ਭਾਰਤ ਦੇ ਨਕਸ਼ੇ ਦੇ ਉੱਪਰ ਵੱਲ ਉੱਤਰ, ਥੱਲੇ ਵੱਲ ਦੱਖਣ, ਸੱਜੇ ਪਾਸੇ ਪੂਰਬ ਅਤੇ ਖੱਬੇ ਪਾਸੇ ਪੱਛਮ ਹੈ।"





ਪ੍ਰਸ਼ਨ 2. ਦਿਸ਼ਾਵਾਂ ਕਿੰਨੀਆਂ ਹੁੰਦੀਆਂ ਹਨ। ਇਨ੍ਹਾਂ ਦੇ ਨਾਮ ਲਿਖੋ ?

..............................................................................

..............................................................................

"ਕੀ ਨਕਸ਼ੇ ਰਾਹੀਂ ਅਸੀਂ ਆਪਣਾ ਪਿੰਡ-ਸ਼ਹਿਰ ਵੀ ਲੱਭ ਸਕਦੇ ਹਾਂ?" ਹਰਮਨ ਨੇ ਪੁੱਛਿਆ। "ਹਾਂ! ਅਸੀਂ ਆਪਣਾ ਪਿੰਡ-ਸ਼ਹਿਰ ਹੀ ਨਹੀਂ ਸਾਡੇ ਗੁਆਂਢੀ ਪਿੰਡ-ਸ਼ਹਿਰ, ਤਹਿਸੀਲ, ਰਾਜ ਵੀ ਪਤਾ ਕਰ ਸਕਦੇ ਹਾਂ।" ਬੰਟੀ ਦੇ ਮੰਮੀ ਨੇ ਸਮਝਾਇਆ।




ਭਾਰਤ ਦਾ ਨਕਸ਼ਾ

"ਮੰਮੀ ਜੀ! ਗੁਆਂਢੀ ਪਿੰਡ ਤਾਂ ਸਮਝ ਗਿਆ ਪਰ ਇਹ ਤਹਿਸੀਲ, ਰਾਜ ਕੀ ਹੈ ?" ਲਵਲੀ ਨੇ ਪੁੱਛਿਆ।" "ਕਈ ਪਿੰਡਾਂ ਨੂੰ ਮਿਲਾ ਕੇ ਤਹਿਸੀਲ ਬਣਦੀ ਹੈ। ਕਈ ਤਹਿਸੀਲਾਂ ਨੂੰ ਮਿਲ਼ਾ ਕੇ ਇੱਕ ਜ਼ਿਲ੍ਹਾ ਬਣਦਾ ਹੈ। ਸਾਰੇ ਜ਼ਿਲ੍ਹੇ ਮਿਲ ਕੇ ਇੱਕ ਰਾਜ ਬਣਾਉਂਦੇ ਹਨ ਤੇ ਸਾਰੇ ਰਾਜ ਮਿਲ਼ਕੇ ਇੱਕ ਦੇਸ਼ ਬਣਾਉਂਦੇ ਹਨ।" ਮੰਮੀ ਜੀ ਨੇ ਸਮਝਾਇਆ।

## ਰੇਖਾ ਚਿੱਤਰ

ਪਿੰਡ ⟶ ਤਹਿਸੀਲ ⟶ ਜ਼ਿਲ੍ਹਾ ⟶ ਰਾਜ ⟶ ਦੇਸ਼

3. **ਖ਼ਾਲੀ ਥਾਂਵਾਂ ਭਰੋ—**

ੳ. ਸਾਡੇ ਪਿੰਡ ਦਾ ਨਾਮ .................. ਹੈ।

ਅ. ਸਾਡੀ ਤਹਿਸੀਲ ਦਾ ਨਾਮ .................. ਹੈ।

ੲ. ਸਾਡੇ ਜ਼ਿਲ੍ਹੇ ਦਾ ਨਾਮ .................. ਹੈ।

ਸ. ਸਾਡੇ ਰਾਜ ਦਾ ਨਾਮ .................. ਹੈ।

ਹ. ਸਾਡੇ ਰਾਜ ਦੀ ਰਾਜਧਾਨੀ .................... ਹੈ।

ਕ. ਸਾਡਾ ਦੇਸ਼ .................... ਹੈ।

ਖ. ਸਾਡੇ ਦੇਸ਼ ਦੀ ਰਾਜਧਾਨੀ .................... ਹੈ।

ਕਿਰਿਆ—2 ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪਿੰਡ ਨਾਲ਼ ਲਗਦੇ ਗੁਆਂਢੀ ਪਿੰਡਾਂ ਜਾਂ ਸ਼ਹਿਰਾਂ ਦੀ ਸੂਚੀ ਬਣਾ ਕੇ ਲਿਆਉਣ ਲਈ ਕਿਹਾ ਜਾਵੇ।

ਕਿਰਿਆ— 3 ਸਕੂਲ ਦੀਆਂ ਚਾਰੇ ਦਿਸ਼ਾਵਾਂ ਵਿੱਚ ਕੀ-ਕੀ ਬਣਿਆ ਹੋਇਆ ਹੈ। ਇਸਦੀ ਵੀ ਸੂਚੀ ਬਣਾਓ।

ਹਰਮਨ ਨੂੰ ਲਵਲੀ ਦਾ ਘਰ ਬਹੁਤ ਪਸੰਦ ਆਇਆ। "ਆਂਟੀ ਜੀ, ਤੁਹਾਡੇ ਘਰ ਵਿੱਚ ਬਹੁਤ ਸਫ਼ਾਈ ਹੈ। ਕਾਸ਼! ਸਾਡਾ ਘਰ ਵੀ ਇੱਥੇ ਹੁੰਦਾ" ਹਰਮਨ ਨੇ ਕਿਹਾ। "ਬੇਟਾ, ਸਾਨੂੰ ਆਪਣਾ ਘਰ ਅਤੇ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ। ਇਸ ਨਾਲ਼ ਇਹ ਸੋਹਣਾ ਤਾਂ ਲਗਦਾ ਹੀ ਹੈ ਸਗੋਂ ਸਾਫ਼ ਆਲਾ-ਦੁਆਲਾ ਸਾਨੂੰ ਕਈ ਬਿਮਾਰੀਆਂ ਤੋਂ ਵੀ ਬਚਾਉਂਦਾ ਹੈ," ਮੰਮੀ ਜੀ ਨੇ ਸਮਝਾਇਆ।

ਕਿਰਿਆ — 4 ਸਕੂਲ ਵਿੱਚ ਸਾਫ਼-ਸਫ਼ਾਈ ਰੱਖਣ ਦੀ ਆਦਤ ਦਾ ਵਿਕਾਸ ਕਰਨ ਲਈ ਟੀਮਾਂ ਬਣਾ ਕੇ ਜ਼ਿੰਮੇਵਾਰੀਆਂ ਦਿੱਤੀਆਂ ਜਾਣ।



## ਯਾਦ ਰੱਖਣ ਯੋਗ ਗੱਲਾਂ

- ਸਾਡੇ ਘਰ ਦੇ ਆਲ਼ੇ-ਦੁਆਲ਼ੇ ਦੇ ਘਰ ਅਤੇ ਸਾਡੀਆਂ ਲੋੜਾਂ ਨਾਲ਼ ਸੰਬੰਧਤ ਸੇਵਾਵਾਂ ਸਾਡਾ ਆਂਢ-ਗੁਆਂਢ ਹਨ।
- ਦਿਸ਼ਾਵਾਂ ਚਾਰ ਹੁੰਦੀਆਂ ਹਨ-ਉੱਤਰ, ਦੱਖਣ, ਪੂਰਬ ਅਤੇ ਪੱਛਮ।
- ਸੂਰਜ ਹਮੇਸ਼ਾ ਪੂਰਬ ਦਿਸ਼ਾ ਵਿੱਚੋਂ ਨਿੱਕਲਦਾ ਹੈ ਅਤੇ ਪੱਛਮ ਦਿਸ਼ਾ ਵਿੱਚ ਛਿਪਦਾ ਹੈ।
- ਸਾਨੂੰ ਆਪਣਾ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ।



4. ਸਹੀ ਉੱਤਰ ਸਾਹਮਣੇ (✓) ਦਾ ਨਿਸ਼ਾਨ ਲਗਾਓ—

(ੳ) ਦਿਸ਼ਾਵਾਂ ਕਿੰਨੀਆਂ ਹੁੰਦੀਆਂ ਹਨ–

ਦੋ ☐ ਚਾਰ ☐ ਪੰਜ ☐

(ਅ) ਸੂਰਜ ਕਿਸ ਦਿਸ਼ਾ ਵਿੱਚੋਂ ਨਿੱਕਲਦਾ ਹੈ ?

ਉੱਤਰ ☐ ਦੱਖਣ ☐ ਪੂਰਬ ☐

(ੲ) ਭਾਰਤ ਦੇ ਨਕਸ਼ੇ ਦੇ ਉੱਪਰ ਵੱਲ ਕਿਹੜੀ ਦਿਸ਼ਾ ਹੈ–

ਪੂਰਬ ☐ ਉੱਤਰ ☐ ਪੱਛਮ ☐

(ਸ) ਕਿੰਨ੍ਹਾਂ ਨੂੰ ਮਿਲ਼ਾ ਕੇ ਤਹਿਸੀਲ ਬਣਦੀ ਹੈ–

ਪਿੰਡਾਂ ਨੂੰ ☐ ਸ਼ਹਿਰਾਂ ਨੂੰ ☐ ਦੋਵਾਂ ਨੂੰ ☐

(ਹ) ਆਲ਼ਾ-ਦੁਆਲ਼ਾ ਸਾਫ਼ ਰੱਖਣ ਨਾਲ਼ ਅਸੀਂ ਕਿਵੇਂ ਮਹਿਸੂਸ ਕਰਦੇ ਹਾਂ।

ਤੰਦਰੁਸਤ ☐ ਬਿਮਾਰ ☐ ਉਦਾਸ ☐

5. ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ—

(ੳ) ਸੂਰਜ ਸਾਨੂੰ ਦਿਸ਼ਾਵਾਂ ਬਾਰੇ ਦੱਸਦਾ ਹੈ। ☐

(ਅ) ਕਈ ਜ਼ਿਲ੍ਹਿਆਂ ਨੂੰ ਮਿਲ਼ਾ ਕੇ ਤਹਿਸੀਲ ਬਣਦੀ ਹੈ। ☐

(ੲ) ਸਾਨੂੰ ਆਪਣੇ ਆਲ਼ੇ-ਦੁਆਲ਼ੇ ਸਫ਼ਾਈ ਰੱਖਣੀ ਚਾਹੀਦੀ ਹੈ। ☐

(ਸ) ਸੂਰਜ ਦੱਖਣ ਦਿਸ਼ਾ ਵਿੱਚੋਂ ਨਿੱਕਲਦਾ ਹੈ। ☐

(ਹ) ਗੁਆਂਢ ਸਾਡੇ ਘਰ ਤੋਂ ਬਹੁਤ ਦੂਰ ਹੁੰਦਾ ਹੈ। ☐

6. ਦਿਸ਼ਾਵਾਂ ਦੇ ਨਾਮ ਲਿਖੋ।

....................

....................  ....................

....................

7. ਖ਼ਾਲੀ ਥਾਂਵਾਂ ਭਰੋ—

(ਜ਼ਿਲ੍ਹਿਆਂ, ਪੱਛਮ, ਸਾਫ਼-ਸੁਥਰਾ, ਪਰਿਵਾਰ, ਰਾਜਾਂ)

(ੳ) ਬਹੁਤ ਸਾਰੇ .................... ਸਾਡੇ ਘਰ ਦੇ ਨੇੜੇ ਰਹਿੰਦੇ ਹਨ।

(ਅ) ਕਈ .................... ਨੂੰ ਮਿਲ਼ਾ ਕੇ ਦੇਸ਼ ਬਣਦਾ ਹੈ।

(ੲ) ਕਈ .................... ਨੂੰ ਮਿਲ਼ਾ ਕੇ ਰਾਜ ਬਣਦਾ ਹੈ।

(ਸ) ਸਾਨੂੰ ਆਪਣੇ ਘਰ ਨੂੰ .................... ਰੱਖਣਾ ਚਾਹੀਦਾ ਹੈ।

(ਹ) ਸੂਰਜ .................... ਦਿਸ਼ਾ ਵਿੱਚ ਛਿਪਦਾ ਹੈ।

8. ਸਹੀ ਮਿਲਾਨ ਕਰੋ—

| (ੳ) | (ਅ) |
|---|---|
| ਭਾਰਤ | ਰਾਜ |
| ਪੰਜਾਬ | ਜ਼ਿਲ੍ਹਾ |
| ਪਟਿਆਲਾ | ਦੇਸ਼ |

9. **ਮਿਲਾਨ ਕਰੋ—**

| | |
|---|---|
| ਡਾਕਖ਼ਾਨਾ | ਸੁਰੱਖਿਆ |
| ਹਸਪਤਾਲ | ਚਿੱਠੀ-ਪੱਤਰ |
| ਸਕੂਲ | ਇਲਾਜ |
| ਪੁਲਿਸ ਸਟੇਸ਼ਨ | ਸਿੱਖਿਆ |
| ਬੈਂਕ | ਪਿੰਡ ਦੇ ਮਸਲੇ |
| ਪੰਚਾਇਤ ਘਰ | ਪੈਸੇ ਦਾ ਲੈਣ-ਦੇਣ |

*****